ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਬਲਾਕ-ਈ , 8ਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

Azadi Ka Amrit Mahotsav

20236628
10/5/2023

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),

ਸਮੂਹ SoE ਸਕੂਲ ਮੁੱਖੀ

ਪੰਜਾਬ।

ਮੀਮੋ ਨੰਬਰ : SCERT-SDP01/5/2023-SDP-SCERT-Part(1)/456171/35/252-55

ਮਿਤੀ : ਐਸ.ਏ.ਐਸ.ਨਗਰ, 10-05-2023

ਵਿਸ਼ਾ:- School of Eminence (SoE) ਕਲਾਸ ਨੌਵੀ ਵਿੱਚ ਦਾਖਲੇ ਸੰਬੰਧੀ ਹਦਾਇਤਾਂ।

1.0 ਉਪਰੋਕਤ ਵਿਸ਼ੇ ਸੰਬੰਧੀ ਦੱਸਿਆ ਜਾਂਦਾ ਹੈ ਕਿ 117 SoE ਸਕੂਲਾਂ ਵਿੱਚ ਕਲਾਸ ਨੌਵੀਂ ਵਿੱਚ ਦਾਖਲੇ ਸੰਬੰਧੀ ਮਿਤੀ 26.03.2023 ਨੂੰ ਪ੍ਰੀਖਿਆ ਕਰਵਾਈ ਗਈ ਸੀ।

2.0 ਇਸ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਦਾ ਸਕੂਲ-ਵਾਈਜ਼ ਤਿਆਰ ਕੀਤਾ ਨਤੀਜਾ ਅਤੇ ਕੁਆਲੀਫਾਈਡ ਵਿਦਿਆਰਥੀਆਂ ਦੇ ਦਾਖਲੇ ਲਈ ਰਿਜ਼ਰਵੇਸ਼ਨ ਅਨੁਸਾਰ ਸੀਟਾਂ ਦੀ ਵੰਡ ਨਾਲ ਨੱਥੀ ਹੈ।

3.0 ਜਿਨ੍ਹਾਂ SoE ਸਕੂਲਾਂ ਵਿੱਚ 20 ਜਾਂ 20 ਤੋਂ ਵੱਧ ਵਿਦਿਆਰਥੀ ਕੁਆਲੀਫਾਈ ਹੋਏ ਹਨ, ਉਹਨਾਂ ਵਿੱਚ ਹੀ ਨੌਵੀਂ ਕਲਾਸ ਦਾ ਇੱਕ ਸੈਕਸ਼ਨ ਸ਼ੁਰੂ ਕੀਤਾ ਜਾਵੇਗਾ।

4.0 ਹਰੇਕ SoE ਸਕੂਲ ਵਿੱਚ ਨੌਵੀਂ ਕਲਾਸ ਦਾ ਕੇਵਲ ਇੱਕ ਹੀ ਸੈਕਸ਼ਨ ਹੋਵੇਗਾ, ਜਿਸ ਵਿੱਚ ਵੱਧ ਤੋਂ ਵੱਧ 36 ਵਿਦਿਆਰਥੀਆਂ ਦਾ ਦਾਖਲਾ ਹੀ ਕੀਤਾ ਜਾਵੇਗਾ। 36 ਵਿਦਿਆਰਥੀਆਂ ਦੀ ਚੋਣ ਮੈਰਿਟ ਦੇ ਆਧਾਰ ਤੇ ਅਤੇ ਨਾਲ ਨੱਥੀ ਸੀਟ ਰਿਜ਼ਰਵੇਸ਼ਨ matrix ਅਨੁਸਾਰ ਕੀਤੀ ਜਾਵੇਗੀ।

5.0 ਕਿਉਂਕਿ SoE ਸਕੂਲਾਂ ਦੇ ਇੱਕ ਸੈਕਸ਼ਨ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਤੋਂ ਘੱਟ 20 ਹੋਵੇਗੀ, ਇਸ ਲਈ ਜਿਹਨਾਂ SoE ਸਕੂਲਾਂ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਦੀ ਗਿਣਤੀ 20 ਤੋਂ ਘੱਟ ਹੈ ਉਹ ਕੁਆਲੀਫਾਈਡ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਨੇੜਲੇ SoE ਸਕੂਲਾਂ ਵਿੱਚ, ਜੇਕਰ ਸੀਟਾਂ ਉਪਲੱਬਧ ਹੋਣ, ਦਾਖਲਾ ਲੈ ਸਕਦੇ ਹਨ।

Scanned with OKEN Scanner

6.0 SoE ਸਕੂਲਾਂ ਵਿੱਚ ਨੌਵੀਂ ਕਲਾਸ ਦੇ ਸੈਕਸ਼ਨ ਦੀ ਸ਼ੁਰੂਆਤ ਮਿਤੀ 15-05-2023 ਤੋਂ ਕੀਤੀ ਜਾਣੀ ਹੈ। ਇਸ ਲਈ ਨੌਵੀਂ ਕਲਾਸ ਦਾ ਦਾਖਲਾ ਮਿਤੀ 15-05-2023 ਤੱਕ ਮੁਕੰਮਲ ਕਰ ਲਿਆ ਜਾਵੇ।

7.0 ਜਿਹੜੇ ਕੁਆਲੀਫਾਈਡ ਵਿਦਿਆਰਥੀ SoE ਸਕੂਲਾਂ ਵਿੱਚ ਨੌਵੀਂ ਜਮਾਤ ਵਿੱਚ ਦਾਖਲਾ ਲੈਣਗੇ, ਉਹਨਾਂ ਲਈ ਫੀਸ/ਫੰਡ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਵਾਲੇ ਹੀ ਲਏ ਜਾਣਗੇ।

ਨੱਥੀ : 1. SoE ਸਕੂਲਾਂ ਵਿੱਚ ਦਾਖਲੇ ਲਈ ਕੁਆਲੀਫਾਈਡ ਵਿਦਿਆਰਥੀਆਂ ਦਾ SoE ਸਕੂਲ-ਵਾਈਜ਼ ਨਤੀਜਾ।

2. ਸਕੂਲ-ਵਾਈਜ਼ ਵਿਦਿਆਰਥੀਆਂ ਦਾ ਦਾਖਲਾ ਰਿਜ਼ਰਵੇਸ਼ਨ matrix ਅਨੁਸਾਰ ਸੀਟਾਂ ਦੀ ਵੰਡ।

ਡਾਇਰੈਕਟਰ

ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ.: ਉਕਤ/36-38/252-55 ਮਿਤੀ:- ਐਸ.ਏ.ਐਸ. ਨਗਰ, 10-05-2023

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਟੂ ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।
3. ਪੀ.ਏ. ਟੂ ਡਾਇਰੈਟੋਰੇਟ ਆਫ ਸਕੂਲ ਅਜੂਕੇਸ਼ਨ (ਸੈਕੰਡਰੀ), ਪੰਜਾਬ ।

ਡਾਇਰੈਕਟਰ

ਐਸ.ਸੀ.ਈ.ਆਰ.ਟੀ. ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ: ਸਿ) ਬਠਿੰਡਾ
ਪਿੱਠ ਅੰਕਣ ਨੰ: ਜੀ-2/1 ( ) 2023/455 ਮਿਤੀ:-12/05/2023
ਉਪਰੋਕਤ ਦਾ ਉਤਾਰਾ ਜ਼ਿਲ੍ਹਾ ਬਠਿੰਡਾ ਦੇ ਸਬੰਧਤ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

18/5/23

ਜ਼ਿ. ਸਿ. ਅ (ਸੈ. ਸਿ)
ਬਠਿੰਡਾ